ਦਫਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ,ਪੰਜਾਬ
ਪੰਜਵੀਂ ਮੰਜਿਲ, ਈ-ਬਲਾਕ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਫੇਜ-8, ਐਸ.ਏ.ਐਸ ਨਗਰ
(ਵਜੀਫਾ ਸ਼ਾਖਾ)

ਵੱਲ

ਸਮੂਹ ਜਿਲ੍ਹਾ ਸਿੱਖਿਆ ਅਫਸਰ(ਸੈ.ਸਿ.)
ਪੰਜਾਬ।

ਮੀਮੋ ਨੰ.13/1-2019ਵਜੀਫਾ(2)
ਮਿਤੀ:- 13-05-2019

ਵਿਸ਼ਾ:- **ਬੋਰਡ ਦੇ ਪੰਜੀਕ੍ਰਿਤ ਉਸਾਰੀ ਕਿਰਤੀਆਂ ਦੇ ਬੱਚਿਆ ਲਈ ਵਜੀਫਾ ਦੇਣ ਬਾਰੇ ਸਕੀਮ।**

ਉਕਤ ਵਿਸ਼ੇ ਦੇ ਸਬੰਧ ਵਿੱਚ ਆਪ ਨੂੰ ਦੱਸਿਆ ਜਾਂਦਾ ਹੈ ਕਿ ਉਸਾਰੀ ਕਿਰਤੀਆਂ ਅਤੇ ਉਨਾਂ ਦੇ ਪਰਿਵਾਰਾਂ ਦੀ ਭਲਾਈ ਲਈ ਬਿਲਡਿੰਗ ਐਂਡ ਅਦਰ ਕੰਸਟਰਕਸ਼ਨ ਵਰਕਰਜ਼ ਵੈਲਫੇਅਰ (ਰੈਗੂਲੇਸ਼ਨ ਆਫ ਇੰਪਲਾਈਮੈਂਟ ਐਂਡ ਕੰਡੀਸਨਜ ਆਫ ਸਰਵਿਸ)ਐਕਟ, 1996 ਅਧੀਨ ਬਣਾਏ ਪੰਜਾਬ ਰੂਲਜ਼ ਦੇ ਰੂਲ 265 ਅਧੀਨ ਦਿੱਤੇ ਉਪਬੰਧ ਅਨੁਸਾਰ ਕਿਰਤ ਭਲਾਈ ਸਕੀਮ ਦਾ ਉਪਬੰਧ ਕੀਤਾ ਹੋਇਆ ਹੈ,ਇਸ ਭਲਾਈ ਸਕੀਮ ਦਾ ਨਾਮ ਬੋਰਡ ਦੇ ਪੰਜੀਕ੍ਰਿਤ ਉਸਾਰੀ ਕਿਰਤੀਆਂ ਦੇ ਬੱਚਿਆ ਲਈ ਵਜੀਫਾ ਦੇਣ ਬਾਰੇ ਹੈ। ਇਸ ਸਕੀਮ ਦੀਆਂ ਹਦਾਇਤਾ ਹੇਠਾ ਲਿਖੇ ਅਨੁਸਾਰ ਹਨ:-

| ਲੜੀ ਨੰ. | ਕਲਾਸ | ਵਜੀਫੇ ਦੀ ਦਰ | | |
|---|---|---|---|---|
| | | ਵਜੀਫੇ ਦੀ ਕੁੱਲ ਰਕਮ ਪ੍ਰਤੀ ਸਾਲ (ਮਿਤੀ 1.4.16 ਤੋਂ ਪਹਿਲਾ ਦੇ ਰੇਟ | ਤਜਵੀਜਤ ਰਕਮ ਪ੍ਰਤੀ ਸਾਲ (ਮਿਤੀ 1-4-16 ਤੋਂ ਲਾਗੂ ਨਵੇਂ ਰੇਟ) | |
| | | | ਲੜਕਿਆਂ ਲਈ | ਲੜਕੀਆਂ ਲਈ |
| 1. | ਛੇਵੀਂ ਕਲਾਸ ਤੋਂ ਅਠਵੀਂ ਕਲਾਸ ਲਈ | 4,000/- | 5,000/- | 7,000/- |
| 2. | ਨੌਵੀਂ ਅਤੇ ਦਸਵੀਂ ਕਲਾਸ ਲਈ | 6,000/- | 10,000/- | 13,000/- |
| 3. | +1 ਅਤੇ +2 ਕਲਾਸ ਲਈ | 6,000/- | 20,000/- | 25,000/- |

**ਵਜੀਫਾ ਸਕੀਮ ਦੀਆਂ ਸ਼ਰਤਾਂ:-**

1. ਪੰਜੀਕ੍ਰਿਤ ਲਾਭਪਾਤਰੀਆਂ ਦੇ ਬੱਚਿਆਂ ਨੂੰ ਹੀ ਵਜੀਫੇ ਦਾ ਲਾਭ ਦਿੱਤਾ ਜਾਵੇਗਾ।
2. ਲਾਭਪਾਤਰੀਆਂ ਨੂੰ ਖੁਦ ਵੀ ਪ੍ਰਵਾਨਤ ਸੰਸਥਾ/ਯੂਨੀਵਰਸਿਟੀ ਵਿੱਚ ਸ਼ਾਮ ਦੀ ਕਲਾਸਾਂ ਵਿੱਚ ਪੜ੍ਹਨ ਲਈ ਵਜੀਫਾ ਦਿੱਤਾ ਜਾਵੇਗਾ।
3. ਪਿਛਲੀ ਕਲਾਸ ਵਿੱਚ ਫੇਲ ਹੋਏ ਕੇਸ਼ਾ ਵਿੱਚ ਵਜੀਫਾ ਨਹੀਂ ਦਿੱਤਾ ਜਾਵੇਗਾ।
4. ਜੇਕਰ ਲਾਭਪਾਤਰੀਆਂ ਨੂੰ ਕਿਸੇ ਅਜਿਹੀ ਸਕੀਮ ਅਧੀਨ ਕਿਸੇ ਹੋਰ ਮਹਿਕਮੇ /ਸੰਸਥਾ ਤੋਂ ਲਾਭ ਮਿਲ ਰਿਹਾ ਹੋਵੇ ਤਾਂ ਵੀ ਉਸ ਨੂੰ ਬੋਰਡ ਵੱਲੋਂ ਇਸ ਸਕੀਮ ਅਧੀਨ ਲਾਭ ਦਿੱਤਾ ਜਾਵੇਗਾ।
5. ਸਬੰਧਤ ਵਿਦਿਅਕ ਅਦਾਰੇ ਪਾਸੋ ਪੜ੍ਹਾਈ ਸਬੰਧੀ ਸਰਟੀਫਿਕੇਟ ਪ੍ਰਾਪਤ ਕਰਕੇ ਅਪਲੋਡ ਕਰਨਾ ਹੋਵੇਗਾ।

ਉਕਤ ਸਕੀਮ ਦੇ ਸਬੰਧ ਵਿੱਚ ਆਪ ਨੂੰ ਸਕੀਮ ਦੇ ਪ੍ਰੋਫਾਰਮੇ ਦੀ ਕਾਪੀ ਭੇਜ਼ ਕੇ ਲਿਖਿਆ ਜਾਂਦਾ ਹੈ ਕਿ ਆਪ ਦੇ ਅਧੀਨ ਆਉਂਦੇ ਸਮੂਹ ਸਕੂਲ ਮੁਖੀਆਂ /ਪ੍ਰਿੰਸੀਪਲਾ ਨੂੰ ਹਦਾਇਤ ਕੀਤੀ ਜਾਵੇ ਕਿ ਪੰਜੀਕ੍ਰਿਤ ਉਸਾਰੀ ਕਿਰਤੀਆਂ ਦੇ ਬੱਚਿਆ ਨੂੰ ਇਸ ਸਕੀਮ ਅਧੀਨ ਅਪਲਾਈ ਕਰਵਾਇਆ ਜਾਵੇ। ਜੇਕਰ ਪੰਜੀਕ੍ਰਿਤ ਉਸਾਰੀ ਕਿਰਤੀਆਂ ਦੇ ਬੱਚੇ ਕਿਸੇ ਹੋਰ ਵਜੀਫਾ ਸਕੀਮ ਅਧੀਨ ਲਾਭ ਲੈ ਰਿਹਾ ਹੈ ਤਾਂ ਵੀ ਉਨਾਂ ਬੱਚਿਆਂ ਨੂੰ ਇਸ ਸਕੀਮ ਅਧੀਨ ਅਪਲਾਈ ਕਰਵਾਇਆ ਜਾਵੇ।

ਇਸ ਲਈ ਉਕਤ ਸਕੀਮ ਦੀਆਂ ਹਦਾਇਤਾ ਅਤੇ ਸਰਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਪੰਜੀਕ੍ਰਿਤ ਉਸਾਰੀ ਕਿਰਤੀਆਂ ਦੇ ਬੱਚਿਆਂ ਨੂੰ ਇਸ ਸਕੀਮ ਅਧੀਨ ਅਪਲਾਈ ਕਰਵਾਉਣ ਯਕੀਨੀ ਬਣਾਇਆ ਜਾਵੇ।

ਨੱਥੀ:- ਪ੍ਰੋਫਾਰਮਾ।

ਸਹਾਇਕ ਡਾਇਰੈਕਟਰ ਵਜੀਫਾ

## ਪੰਜਾਬ ਲੇਬਰ ਵੈਲਫੇਅਰ ਬੋਰਡ

### ਉਦਯੋਗਿਕ ਕਿਰਤੀਆਂ ਦੇ ਬੱਚਿਆਂ ਨੂੰ ਵਜੀਫੇ ਸਕੀਮ ਦੇਣ ਸਬੰਧੀ ਪ੍ਰਾਥਨਾ ਪੱਤਰ

1. ਵਿਦਿਆਰਥੀ ਦਾ ਨਾਂ (ਮੋਟੇ ਅੱਖਰਾਂ ਵਿੱਚ) ______
2. ਪਿਤਾ ਦਾ ਨਾਂ (ਪੂਰੇ ਪਤੇ ਸਮੇਤ) ______
3. ਨੌਕਰੀ ਤੇ ਲੱਗਣ ਦੀ ਮਿਤੀ ______
4. ਅਹੁੱਦਾ ______
5. ਅਦਾਰੇ ਦਾ ਨਾਂ( ਕੀ ਇਹ ਫੇਕਟਰੀ ਐਕਟ ਅਧੀਨ ਅਤੇ ਪੰਜਾਬ ਲੇਬਰ ਵੈਲਫੇਅਰ ਫੰਡ ਐਕਟ ਅਨੁਸਾਰ ਰਜਿ:ਅਦਾਰਾ ਹੈ ਜਿਸ ਵਿੱਚ ਪਿਤਾ/ਮਾਤਾ ਗਾਰਡੀਅਨ ਕੰਮ ਕਰਦੇ ਹਨ) ______
6. ਪਿਤਾ/ਮਾਤਾ/ਗਾਰਡੀਅਨ ਦੀ ਕੁਲ ਮਾਸਿਕ ਤਨਖਾਹ(ਪਤੀ,ਪਤਨੀ ਦੀ ਇੱਕਠੀ ਤਨਖਾਹ ਦੱਸੀ ਜਾਏ ਸਬੂਤ ਵਜੋ ਫੇਕਟਰੀ/ਮੈਨਜਮੈਂਟ ਦੇ ਸਰਟੀ-ਫਿਕੇਟ ਪਿਛਲੇ ਪਾਸੋਂ ਤਸਦੀਕ ਹੈ। ______
7. ਵਿਦਿਆਰਥੀ ਵਲੋਂ ਜਿਸ ਸਾਲ(ਪਿਛਲੇ ਸਰਟੀ-ਫਿਕੇਟ ਦੀ ਤਸਦੀਕ ਸ਼ੁਦਾ ਕਾਪੀ ਸਮੇਤ)ਪ੍ਰੀਖਿਆ ਪਾਸ ਕੀਤੀ ਗਈ। ______
8. ਜਮਾਤ ਜਾਂ ਤਕਨੀਕੀ ਕੋਰਸ ਜਿਸ ਵਿੱਚ ਦਾਖਲਾ । ਲਿਆ ਹੈ ਅਤੇ ਦਾਖਲ ਹੋਣ ਦੀ ਮਿਤੀ। ______
9. ਮਾਨਤਾ ਪ੍ਰਾਪਤ ਸਕੂਲ/ਕਾਲਜ ਜਾਂ ਸੰਸਥਾਂ ਦਾ ਨਾਂ ਜਿਸ ਵਿੱਚ ਦਾਖਲਾ ਲਿਆ ਹੈ(ਦਾਖਲੇ ਸਬੰਧੀ ਸੰਸਥਾ ਦੇ ਮੁੱਖੀ ਤੇ ਸਰਟੀਫਿਕੇਟ ਪਿਛਲੇ ਪਾਸੋਂ ਤਸਦੀਕ ਹੈ)। ______
10. ਹਾਇਰ ਸੈਕੰਡਰੀ ਜਾਂ ਪ੍ਰੈਪ ਪ੍ਰੀਖਿਆ ਵਿੱਚੋਂ ਜਿੰਨੇ ਪ੍ਰਤੀਸਤ ਨੰਬਰ ਲਏ ਹਨ(ਵੇਰਵੇ ਲਈ ਨੰਬਰਾਂ ਦੇ ਸਰਟੀਫਿਕੇਟ ਦੀ ਤਸਦੀਕ ਸੁਦਾ ਫੋਟੋਕਾਪੀ ਨਾਲ ਨੱਥੀ ਹੈ)। ______
11. ਜੇ ਕੋਈ ਵਜੀਫਾ ਜਾਂ ਵਿੱਤੀ ਸਹਾਇਤਾ ਕਿਸੇ ਅਦਾਰੇ ਤੋਂ ਲੈ ਰਹੇ ਹੋ ਤਾਂ ਉਸ ਨੂੰ ਵੀ ਵਜੀਫਾ ਦਿੱਤਾ ਜਾਵੇਗਾ। ______
12. ਕਿਰਤੀ ਬੋਰਡ ਦੀ ਅੰਸ਼ਦਾਨ ਸਕੀਮ ਵਿੱਚ ਆਪਣੇ ਹਿੱਸੇ ਦਾ ਯੋਗਦਾਨ ਦੇ ਰਿਹਾ ਹੈ। ਸਬੂਤ ਨੱਥੀ ਕੀਤਾ ਜਾਵੇ। ______

ਮੈਂ ਸੱਚੇ ਦਿਲੋਂ ਇਹ ਐਲਾਨ ਕਰਦਾ ਹਾ/ ਕਰਦੀ ਹਾਂ ਕਿ ਮੈਂ ਪਿਛਲੀ ਪਾਸ ਕੀਤੀ ਸਾਲਾਨਾ ਪ੍ਰੀਖਿਆ ਵਿੱਚੋ ਫੇਲ ਨਹੀ ਹੋਇਆ ਅਤੇ ਉਪਰ ਦਿੱਤੇ ਗਏ ਵੇਰਵੇ ਠੀਕ ਹੈ।

ਵਿਦਿਆਰਥੀ ਦੇ ਹਸਤਾਖਰ

ਪਿਤਾ/ਮਾਤਾ ਗਾਰਫੀਅਨ ਦੇ ਹਸਤਾਖਰ (ਇਹ ਹਸਤਾਖਰ ਉਸ ਕਿਰਤੀ ਵਲੋਂ ਹੋਣੇ ਚਾਹੀਦੇ ਹਨ ਜਿਹੜਾ ਕਿ ਦਫਤਰੀ ਵਿੱਚ ਕੰਮ ਕਰਦਾ ਹੈ)।

(ਦਰਖਾਸਤ ਫਾਰਮ ਦੇ ਕਾਲਮ ਨੰ: 9 ਅਨੁਸਾਰ)

## ਸੰਸਥਾ ਵਲੋਂ ਸਰਟੀਫਿਕੇਟ

ਇਹ ਤਸਦੀਕ ਕੀਤਾ ਜਾਂਦਾ ਹੈ ਕਿ ਸ੍ਰੀ/ਮਿਸ---------------ਪੁੱਤਰ/ ਪੁੱਤਰੀ ਸ੍ਰੀ/ਸ੍ਰੀਮਤੀ---------- ਇਸ ਸਕੂਲ/ ਕਾਲਜ/ ਸੰਸਥਾ ਦਾ ਵਿਦਿਆਰਥੀ ਹੈ ਅਤੇ ਕਲਾਸ-------------ਵਿੱਚ ਸਾਲ------------ਵਿੱਚ ਪੜ੍ਹ ਰਿਹਾ ਹੈ ਅਤੇ ਉਸ ਦਾ ਦਾਖਲਾ ਇਸ ਕਲਾਸ ਵਿੱਚ ਫੇਲ/ ਕੰਪਾਰਟਮੈਂਟ ਹੋਏ ਪ੍ਰੀਖਿਆਰਥੀ ਦੇ ਅਧਾਰ ਤੇ ਨਹੀਂ ਕੀਤਾ ਗਿਆ ਹੈ, ਉਸ ਵਲੋਂ ਪਿਛਲੀ ਪ੍ਰੀਖਿਆ/ਕਲਾਸ--------------------ਮਹੀਨਾ------------ਸਾਲ ਵਿੱਚ ਵਿਚੋਂ--------------ਨੰਬਰ--------------- ਲੈ ਕੇ ਪਾਸ ਕੀਤੀ ਗਈ ਹੈ।

ਇਹ ਵੀ ਤਸਦੀਕ ਕੀਤਾ ਜਾਂਦਾ ਹੈ ਕਿ ਉਹ ਕਿਸੇ ਸੰਸਥਾ ਤੋਂ ਵਜੀਫੇ/ਵਿੱਤੀ ਸਹਾਇਤਾ ਨਹੀਂ ਲੈ ਰਿਹਾ/ਲੈ ਰਹੀ ਹੈ ਜਿਸ ਦੀ ਸਾਲਾਨਾ ਰਕਮ ਰੁਪਏ-----------------------ਹੈ।

ਸੰਸਥਾ ਦੇ ਮੁੱਖੀ ਦੇ ਹਸਤਾਖਰ ਅਤੇ ਮੋਹਰ।

ਤਸਦੀਕ ਕੀਤਾ ਜਾਂਦਾ ਹੈ

ਸੰਸਥਾ ਦੇ ਮੁੱਖੀ ਦੇ ਹਸਤਾਖਰ

---

## ਅਦਾਰੇ ਦੇ ਮਾਲਕ ਵਲੋਂ ਸਰਟੀਫਿਕੇਟ

ਇਹ ਤਸਦੀਕ ਕੀਤਾ ਜਾਂਦਾ ਹੈ ਕਿ ਸ੍ਰੀ/ਸ੍ਰੀਮਤੀ----------------------ਪੁੱਤਰ/ਪੁੱਤਰੀ ਸ੍ਰੀ-------------------ਅਤੇ ਪਿਤਾ/ਮਾਤਾ/ਸ੍ਰੀ----------------------------------ਸਾਡੇ ਅਦਾਰੇ ਵਿੱਚ ਬਤੌਰ ਅਹੁੱਦਾ------------------ਮਿਤੀ---------------ਤੋਂ ਕੰਮ ਕਰ ਰਿਹਾ ਹੈ ਤੇ ਉਸ ਦੀ ਕੁੱਲ ਤਨਖਾਹ ਸਾਰੇ ਭੱਤੇ ਮਿਲਾਕੇ ਰੁ:------------ਹੈ। ਇਹ ਵੀ ਤਸਦੀਕ ਕੀਤਾ ਜਾਂਦਾ ਹੈ ਕਿ ਸਾਡੀ ਫੈਕਟਰੀ ਐਕਟ 1948 ਪੰਜਾਬ ਲੇਬਰ ਵੈਲਫੇਅਰ ਫੰਡ ਐਕਟ 1965 ਅਧੀਨ ਰਜਿਸਟਰਡ ਹੈ ਅਤੇ ਕਿਰਤੀ ਬੋਰਡ ਦੀ ਯੋਗਦਾਨ ਸਕੀਮ ਅਧੀਨ ਲੇਬਰ ਵੈਲਫੇਅਰ ਫੰਡ ਵਿੱਚ ਆਪਣੇ ਹਿੱਸੇ ਦਾ ਯੋਗਦਾਨ ਦੇ ਰਿਹਾ ਸੀ ਅਤੇ ਕਿਰਤੀ ਦੇ ਹਿੱਸੇ ਦਾ ਅੰਸ਼ਦਾਨ ਮਿਤੀ ----------------ਤੋਂ----------------ਤੱਕ ਬੋਰਡ ਦੇ ਖਾਤੇ ਵਿੱਚ ਜਮਾਂ ਹੋ ਚੁੱਕਾ ਹੈ ਸਬੂਤ ਨੱਥੀ ਕੀਤਾ ਜਾਂਦਾ ਹੈ।

ਕਿਰਤੀ ਦੇ ਹਸਤਾਖਰ

ਮਾਲਕ ਦੇ ਹਸਤਾਖਰ
(ਸੀਲ ਸਮੇਤ)

ਤਸਦੀਕ ਕੀਤਾ ਜਾਂਦਾ ਹੈ ਮਾਲਕ ਦੇ ਹਸਤਾਖਰ
(ਮੋਹਰ ਸਮੇਤ)

## ਵੈਰੀਫਿਕੇਸ਼ਨ ਸਰਟੀਫਿਕੇਟ

ਇਹ ਤਸਦੀਕ ਕੀਤਾ ਜਾਂਦਾ ਹੈ ਕਿ ਉਪਰੋਕਤ ਅਰਜੀ ਫਾਰਮ ਵਿੱਚ ਦਰਸਾਏ ਤੱਥ ਨਿਜੀ ਤੌਰ ਤੇ ਮਿਤੀ-------------------ਨੂੰ ਸ੍ਰੀ-------------------------ਦੁਆਰੇ ਮੌਕੇ ਤੇ ਚੈਕ ਕੀਤੇ ਗਏ ਅਤੇ ਸੂਚਨਾ ਠੀਕ ਪਾਈ ਗਈ, ਇਸ ਨੂੰ ਰੁਪਏ-------------------------ਦੀ ਰਾਸ਼ੀ ਬਤੌਰ ਵਜੀਫੇ ਦੇਣ ਦੀ ਸਿਫਾਰਸ਼ ਕੀਤੀ ਜਾਂਦੀ ਹੈ।

ਸਹਾਇਕ ਕਿਰਤ ਕਮਿਸ਼ਨਰ/ਕਿਰਤ ਤੇ ਸੁਲਾਹ ਅਫਸਰ
ਕਿਰਤ ਇੰਸਪੈਕਟਰ ਦੇ ਹਸਤਾਖਰ
ਅਹੁੱਦਾ ਤੇ ਦਫਤਰ